# ਹਿੰਦੁਸਤਾਨ ਵਿਚ ਕੁਰੱਪਸ਼ਨ ਖ਼ਿਲਾਫ਼ ਘੋਲ

ਅੱਜਕਲ ਹਿੰਦੁਸਤਾਨ ਦੇ ਬਹੁਤ ਸਾਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਲੱਖਾਂ ਲੋਕ ਬੇਈਮਾਨੀ ਅਤੇ ਕੁਰੱਪਸ਼ਨ ਖ਼ਿਲਾਫ਼ ਮੁਜ਼ਾਹਰੇ ਕਰ ਰਹੇ ਹਨ। ਪਿਛਲੇ ਦੋ ਤਿਨ ਸਾਲਾਂ ਤੋਂ ਬੇਈਮਾਨੀ ਅਤੇ ਕੁਰੱਪਸ਼ਨ ਖ਼ਿਲਾਫ਼ ਬਹੁਤ ਤੇਜ਼ ਜੱਦੋ-ਜਹਿਦ ਚੱਲ ਰਹੀ ਹੈ। ਹਰ ਰੋਜ਼ ਕੋਈ ਨਾ ਕੋਈ ਨਵਾਂ ਘੁਟਾਲਾ ਸਾਮ੍ਹਣੇ ਆ ਜਾਂਦਾ ਹੈ ਜਿਸ ਵਿਚ ਕੇਂਦਰੀ ਅਤੇ ਸੂਬਾਈ ਵਜ਼ੀਰਾਂ, ਅਫਸਰਾਂ ਤੇ ਉਨ੍ਹਾਂ ਦੇ ਜੋਟੀਦਾਰਾਂ ਦੀ ਹੇਰਾ ਫੇਰੀ ਦਾ ਪਰਦਾ ਚੁੱਕਿਆ ਜਾਂਦਾ ਹੈ ਅਤੇ ਲੋਕਾਂ ਨੂੰ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਲੱਖਾਂ ਕਰੋੜਾਂ ਰੁਪਿਆ ਸਰਕਾਰੀ ਖ਼ਜ਼ਾਨੇ ਵਿਚੋਂ ਆਪਣੀਆਂ ਜੇਬਾਂ ਵਿਚ ਪਾ ਲਿਆ ਹੈ ਜਦ ਕਿ ਆਮ ਲੋਕਾਂ ਨੂੰ ਭੁੱਖ, ਦੁੱਖ ਤੇ ਮੁਸੀਬਤ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਲੋਕਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਬਾਰੇ ਸਰਕਾਰ ਹਮੇਸ਼ਾ ਇਹ ਕਹਿ ਦਿੰਦੀ ਹੈ ਕਿ ਉਨ੍ਹਾਂ ਦੇ ਮਸਲੇ ਹੱਲ ਕਰਨ ਲਈ ਉਸ ਕੋਲ ਪੈਸਾ ਨਹੀਂ ਹੈ।

ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਹ ਸਭ ਕੁਝ ਉਸ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋ ਰਿਹਾ ਹੈ ਜਿਸ ਬਾਰੇ ਬਹੁਤ ਹੀ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਬਹੁਤ ਹੀ ਦਿਆਨਤਦਾਰ ਅਤੇ ਇਮਾਨਦਾਰ ਆਦਮੀ ਹੈ। ਜਿਸ ਵੇਲੇ ਉਸਨੂੰ ਕਾਂਗਰਸ ਨੇ ਪ੍ਰਧਾਨ ਮੰਤਰੀ ਬਣਾਇਆ ਸੀ ਉਸ ਵੇਲੇ ਕਿਹਾ ਸੀ ਕਿ ਮਨਮੋਹਨ ਸਿੰਘ ਦੀ ਅਗਵਾਈ ਹੇਠ ਕਾਂਗਰਸ ਲੋਕਾਂ ਨੂੰ ਇਕ ਸਾਫ ਅਤੇ ਇਮਾਨਦਾਰ ਸਰਕਾਰ ਦੇਵੇਗੀ। ਇਨ੍ਹਾਂ ਲੀਹਾਂ ਤੇ ਹਾਕਮ ਟੋਲੇ ਅਤੇ ਉਨ੍ਹਾਂ ਦੇ ਮੀਡੀਏ ਨੇ ਬਹੁਤ ਹੀ ਪ੍ਰਾਪੇਗੰਡਾ ਕੀਤਾ ਸੀ। ਹੁਣ ਲੋਕ ਪੁਛ ਰਹੇ ਹਨ ਕਿ ਬਈ ਇਹ ਕਿਹੋ ਜਿਹੀ ਇਮਾਨਦਾਰੀ ਹੈ ਕਿ ਮਨਮੋਹਨ ਸਿੰਘ ਦੇ ਆਲੇ ਦੁਆਲੇ ਵਜ਼ੀਰ ਅਤੇ ਅਫਸਰ ਅੰਨ੍ਹੇਵਾਹ ਬੇਈਮਾਨੀ ਕਰੀ ਜਾ ਰਹੇ ਹਨ ਅਤੇ ਇਹ ਅੱਖਾਂ ਬੰਦ ਕਰ ਕੇ ਬੈਠਾ ਹੈ। ਇਸ ਦੀ ਕੀ ਵਜ੍ਹਾ ਹੈ? ਇਹ ਕਿਹੋ ਜਿਹੀ ਇਮਾਨਦਾਰੀ ਹੈ? ਸਾਫ਼ ਸੁਥਰੀ ਸਰਕਾਰ ਮੁਹੱਈਆ ਕਰਨ ਦੀਆਂ ਗੱਲਾਂ ਦਾ ਕੀ ਬਣਿਆ? ਸਗੋਂ ਮਨਮੋਹਨ ਸਿੰਘ ਨੇ ਤਾਂ ਹੁਣ ਇਹ ਕਹਿਕੇ ਝੱਗਾ ਚੁਕ ਦਿਤਾ ਹੈ ਕਿ ਸਾਡੇ ਕੋਲ ਕੋਈ ਜਾਦੂ ਦੀ ਛੜੀ ਨਹੀਂ ਜਿਹਦੇ ਨਾਲ ਕੁਰੱਪਸ਼ਨ ਬੰਦ ਕਰ ਦੇਈਏ।

ਇਸ ਹਾਲਾਤ ਵਿਚ ਅੰਨਾ ਹਜ਼ਾਰੇ ਨੇ ਕੁਰੱਪਸ਼ਨ ਦੇ ਖ਼ਿਲਾਫ਼ 16 ਅਗਸਤ ਤੋਂ ਦਿੱਲੀ ਵਿਚ ਭੁਖ ਹੜਤਾਲ ਦਾ ਐਲਾਨ ਕੀਤਾ ਸੀ। ਪਹਿਲਾਂ ਤਾ ਦਿੱਲੀ ਪੁਲਿਸ ਨੇ ਉਸਨੂੰ ਦਿੱਲੀ ਵਿਚ ਧਰਨਾ ਦੇਣ ਦੀ ਇਜਾਜ਼ਤ ਹੀ ਨਾ ਦਿੱਤੀ ਅਤੇ ਫੇਰ ਐਸੀਆਂ ਸ਼ਰਤਾਂ ਲਾਕੇ ਸਿਰਫ਼ ਦੋ ਦਿਨ ਦੀ ਇਜਾਜ਼ਤ ਦਿੱਤੀ ਜਿਨ੍ਹਾਂ ਨੂੰ ਮੰਨਣਾ ਅਸੰਭਵ ਸੀ। ਉਸਦੇ ਬਆਦ ਭੁਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਉਨ੍ਹਾਂ ਅੰਨਾ ਨੂੰ ਗ੍ਰਿਫ਼ਤਾਰ ਕਰ ਲਿਆ। ਅੰਨਾ ਹਜ਼ਾਰੇ ਦੀ ਗਿਰਫਤਾਰੀ ਤੇ ਜੇਲਬੰਦੀ ਨਾਲ ਹਿੰਦੁਸਤਾਨ ਭਰ ਵਿਚ ਲੋਕ ਉਠ ਪਏ ਹਨ ਤੇ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ਹੈ। ਇਸ ਤੋਂ ਪਹਿਲਾਂ ਸਵਾਮੀ ਰਾਮ ਦੇਵ ਅਤੇ ਉਸਦੇ ਸਾਥੀਆਂ ਉੱਤੇ ਵੀ ਪੁਲਿਸ ਨੇ ਬਹੁਤ ਤਸ਼ੱਦਦ ਕੀਤਾ ਸੀ ਜੋ ਕਾਲੇ ਧਨ, ਹੇਰਾ ਫੇਰੀ ਅਤੇ ਕੁਰੱਪਸ਼ਨ ਖ਼ਿਲਾਫ਼ ਧਰਨਾ ਦੇ ਰਹੇ ਸੀ। ਪੁਲਿਸ ਨੇ ਬੇਰਹਿਮੀ ਨਾਲ ਰਾਤ ਨੂੰ ਸੁੱਤੇ ਹੋਏ ਲੋਕਾਂ ਤੇ ਹਮਲਾ ਕੀਤਾ ਅਤੇ ਬਹੁਤ ਲੋਕਾਂ ਨੂੰ ਫੱਟੜ ਕਰ ਦਿਤਾ ਸੀ ਤੇ ਸਵਾਮੀ ਰਾਮਦੇਵ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਤੋਂ ਬਾਹਰ ਭੇਜ ਦਿੱਤਾ ਗਿਆ ਸੀ।

ਮਨਮੋਹਨ ਸਿੰਘ ਨੇ 15 ਅਗਸਤ ਨੂੰ ਭਾਸ਼ਨ ਝਾੜਦਿਆਂ ਕਿਹਾ ਕਿ ਇਹ ਸਾਰੇ ਮਸਲੇ ਪਾਰਲੀਮੈਂਟ ਵਿਚ ਉਠਾਉਣੇ ਚਾਹੀਦੇ ਹਨ ਸੜਕਾਂ ਅਤੇ ਗਲੀਆਂ ਵਿਚ ਧਰਨਿਆਂ ਰਾਹੀਂ ਨਹੀਂ। ਪਰ ਸੁਆਲ ਤਾਂ ਇਹ ਹੈ ਕਿ ਜੇ ਪਾਰਲੀਮੈਂਟ ਲੋਕਾਂ ਦੇ ਮਸਲਿਆਂ ਵੱਲ ਧਿਆਨ ਦਿੰਦੀ ਜਾਂ ਦੇਣ ਦੇ ਕਾਬਲ ਹੁੰਦੀ ਤਾਂ ਇਹ ਮਸਲੇ ਕਦੋਂ ਦੇ ਹੱਲ ਹੋ ਗਏ ਹੁੰਦੇ। ਪਿਛਲੇ 60-65 ਸਾਲਾਂ ਵਿਚ ਹਿੰਦੁਸਤਾਨ ਦੀ ਪਾਰਲੀਮੈਂਟ ਨੇ ਲੋਕਾਂ ਦਾ ਕੋਈ ਵੀ ਮਸਲਾ ਹੱਲ ਨਹੀਂ ਕੀਤਾ। ਇਸ ਲਈ ਲੋਕਾਂ ਨੂੰ ਮਜਬੂਰ ਹੋਕੇ ਸੜਕਾਂ ਤੇ ਉੱਤਰਨਾ ਪੈਂਦਾ ਹੈ। ਇੰਦਰਾ ਗਾਂਧੀ ਵੀ ਇਹੋ ਕਿਹਾ ਕਰਦੀ ਸੀ ਬਈ ਅਸੀਂ ਪਾਰਲੀਮੈਂਟ ਵਿਚ ਮਸਲੇ ਹੱਲ ਕਰਾਂਗੇ। ਲੋਕਾਂ ਨੂੰ ਸੰਘਰਸ਼ ਨਹੀਂ ਕਰਨਾ ਚਾਹੀਦਾ। ਪਰ ਲੋਕਾਂ ਦਾ ਤਜਰਬਾ ਦੱਸਦਾ ਹੈ ਕਿ ਪਾਰਲੀਮੈਂਟ ਤਾਂ ਹਾਕਮ ਟੋਲੇ ਲਈ ਗੱਪਸ਼ੱਪ ਦੀ ਥਾਂ ਹੈ ਜਿਸ ਵਿਚ ਉਹ ਇਕ ਦੂਜੇ ਨਾਲ ਸੌਦੇਬਾਜ਼ੀ ਕਰਕੇ ਆਪਣੇ ਹਿਤਾਂ ਤੇ ਹੀ ਪਹਿਰਾ ਦਿੰਦੇ ਹਨ ਅਤੇ ਸਰਕਾਰੀ ਖ਼ਜ਼ਾਨੇ ਵਿਚੋਂ ਅਰਬਾਂ ਖਰਬਾਂ ਰੁਪਿਆ ਆਪਣੀਆਂ ਤੇ ਆਪਣੇ ਜੋਟੀਦਾਰਾਂ ਦੀਆਂ ਜੇਬਾਂ ਵਿਚ ਪਾ ਲੈਂਦੇ ਹਨ।

ਮਿਸਾਲ ਦੇ ਤੌਰ ਤੇ ਹਰ ਸਾਲ ਦੇ ਬਜਟ ਵਿਚ ਇਹ ਪਾਰਲੀਮੈਂਟ ਹੀ ਹੈ ਜਿਹੜੀ ਇਹ ਬਜਟ ਪਾਸ ਕਰਦੀ ਹੈ ਅਤੇ ਜਿਸ ਵਿਚ 60 ਫੀ ਸਦੀ ਦੇ ਕਰੀਬ ਬਜਟ ਦਾ ਪੈਸਾ ਸੂਦਖੋਰਾਂ ਦੇ ਹਵਾਲੇ ਕਰ ਦਿਤਾ ਜਾਂਦਾ ਹੈ। ਫਿਰ ਇਹੋ ਪਾਰਲੀਮੈਂਟ ਹੈ ਜਿਹੜੀ ਲੋਕਾਂ ਨੂੰ ਆਪਣੀ ਕਮਰ ਕਸਣ ਦਾ ਮਸ਼ਵਰਾ ਦੇ ਦਿੰਦੀ ਹੈ ਕਿਉਂਕਿ ਸਰਕਾਰ ਕੋਲ ਲੋਕਾਂ ਵਾਸਤੇ ਪਾਣੀ, ਬਿਜਲੀ, ਰੋਟੀ, ਕਪੜਾ, ਸਿਹਤ, ਤਾਲੀਮ ਅਤੇ ਹੋਰਨਾਂ ਬੁਨਿਆਦੀ ਲੋੜਾਂ ਤੇ ਖ਼ਰਚ ਕਰਨ ਲਈ ਪੈਸਾ ਨਹੀਂ ਹੈ।

ਹਾਕਮ ਟੋਲੇ ਦੇ ਕਿਸੇ ਵੀ ਅਦਾਰੇ ਦੀ ਲੋਕਾਂ ਵਿਚ ਕੋਈ ਪ੍ਰਤੀਤ ਨਹੀਂ ਰਹੀ। ਉਹ ਨਾ ਕਿਸੇ ਲੀਡਰ ਅਤੇ ਨਾ ਹੀ ਕਿਸੇ ਪਾਰਟੀ ਜਾਂ ਅਦਾਰੇ ਤੇ ਯਕੀਨ ਕਰਦੇ ਹਨ। ਉਨ੍ਹਾਂ ਨੂੰ ਯਕੀਨ ਹੋ ਗਿਆ ਹੈ ਕਿ ਉਨ੍ਹਾਂ ਦੀ ਆਪਣੀ ਜੱਦੋ-ਜਹਿਦ ਨਾਲ ਹੀ ਉਨ੍ਹਾਂ ਦੇ ਮਸਲੇ ਹੋ ਸਕਦੇ ਹਨ। ਇਸ ਲਈ ਉਹ ਮਨਮੋਹਨ ਸਿੰਘ ਅਤੇ ਹੋਰਨਾਂ ਦੇ ਭੁਲੇਖਿਆਂ ਵਿਚ ਨਹੀਂ ਫਸਦੇ। ਉਹ ਸਰਕਾਰੀ ਜਬਰ ਅਤੇ ਤਸ਼ੱਦਦ ਦੇ ਬਾਵਜੂਦ ਆਪਣੇ ਘੋਲ ਤੇਜ਼ ਕਰ ਰਹੇ ਹਨ ਤੇ ਆਪਣੇ ਮਸਲਿਆਂ ਦੇ ਹੱਲ ਲਈ ਨਵੇਂ ਰਾਹ ਅਤੇ ਤਰੀਕੇ ਲੱਭ ਰਹੇ ਹਨ।